ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਬਾਜ਼ਾਰ ਵਿਚ ਜਾਂਦੇ ਲੋਕ ਤੇ ਦੁਕਾਨਦਾਰ ਮਾਸਕ ਪਹਿਨਣਾ ਯਕੀਨੀ ਬਨਾਉਣ

ਕਰੰਸੀ ਨੋਟਾਂ ਦੀ ਥਾਂ ਡਿਜ਼ੀਟਲ ਲੈਣ-ਦੇਣ ਨੂੰ ਦਿਉ ਪਹਿਲ

ਅੰਮ੍ਰਿਤਸਰ, 9 ਮਈ ( )-ਸਿਹਤ ਵਿਭਾਗ ਨੇ ਘਰੇਲੂ ਕੰਮਕਾਰ ਲਈ ਬਾਹਰ ਨਿਕਲਦੇ ਲੋਕਾਂ ਤੇ ਦੁਕਾਨਦਾਰਾਂ ਲਈ ਐਡਵਾਇਜ਼ਰੀ ਜਾਰੀ ਕਰਦੇ ਕਿਹਾ ਕਿ ਦੁਕਾਨਦਾਰ, ਗ੍ਰਾਹਕ ਅਤੇ ਡਿਲਵਰੀ ਸਟਾਫ ਵੱਲੋ ਹਰ ਸਮੇਂ ਕੱਪੜੇ ਦਾ ਮਾਸਕ ਪਹਿਨ ਕੇ ਰੱਖਿਆ ਜਾਵੇ। ਮਾਸਕ ਇਸ ਢੰਗ ਨਾਲ ਪਹਿਨਿਆ ਜਾਵੇ ਕਿ ਨੱਕ ਤੇ ਮੂੰਹ ਚੰਗੀ ਤਰਾਂ ਢੱਕਿਆ ਜਾਵੇ। ਕੱਪੜੇ ਦੇ ਮਾਸਕ ਨੂੰ ਰੋਜ਼ਾਨਾ ਸਾਬਣ ਤੇ ਪਾਣੀ ਨਾਲ ਧੋ ਕੇ ਵਰਤਿਆ ਜਾਵੇ।

ਸਿਹਤ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਹਰ ਸਮੇਂ ਇੱਕ ਦੂਜੇ ਤੋਂ ਘੱਟੋ-ਘੱਟ 1 ਮੀਟਰ ਦੀ ਦੂਰੀ ਬਣਾ ਕੇ ਰੱਖੀ ਜਾਵੇ। ਉਨਾਂ ਕਿਹਾ ਕਿ ਗ੍ਰਾਹਕਾਂ ਅਤੇ ਡਿਲਵਰੀ ਸਟਾਫ ਵੱਲੋਂ ਦੁਕਾਨ /ਮਾਰਕਿਟ ਵਿੱਚ ਧੂਮਰਪਾਨ ਜਾਂ ਤੰਬਾਕੂ ਆਧਾਰਿਤ ਚੀਜ਼ਾਂ ਜਿਵੇਂ ਕਿ ਗੁਟਕਾ, ਪਾਨ ਮਸਾਲਾ ਆਦਿ ਦਾ ਸੇਵਨ ਨਾ ਕੀਤਾ ਜਾਵੇ। ਐਡਵਾਇਜ਼ਰੀ ਵਿੱਚ ਕਿਹਾ ਗਿਆ ਹੈ ਕਿ ਗ੍ਰਾਹਕਾਂ ਵੱਲੋਂ ਡਿਜ਼ੀਟਲ ਭੁਗਤਾਨ ਨੂੰ ਪਹਿਲ ਦਿੱਤੀ ਜਾਵੇ। ਦੁਕਾਨਦਾਰ ਜਾਂ ਉਨਾਂ ਦੇ ਵਰਕਰਾਂ ਅਤੇ ਗ੍ਰਾਹਕ ਵੱਲੋਂ ਜੇਕਰ ਕਰੰਸੀ ਲੈਣ-ਦੇਣ (ਕੈਸ਼ ਟਰਾਂਸੇਕਸ਼ਨ) ਕੀਤਾ ਜਾਂਦਾ ਹੈ ਤਾਂ ਇਸਤੋਂ ਪਹਿਲਾਂ ਤੇ ਤੁਰੰਤ ਬਾਅਦ ਆਪਣੇ ਹੱਥਾਂ ਨੂੰ ਸੈਨੀਟਾਈਜ਼ ਕੀਤਾ ਜਾਵੇ।

ਗ੍ਰਾਹਕਾਂ/ਖਪਤਕਾਰਾਂ ਲਈ ਵਿਸ਼ੇਸ਼ ਦਿਸ਼ਾ-ਨਿਰਦੇਸ਼ਾਂ ਵਿੱਚ ਕਿਹਾ ਗਿਆ ਹੈ ਕਿ ਖਪਤਕਾਰਾਂ ਵੱਲੋਂ ਸਮਾਨ ਖਰੀਦਣ ਲਈ ਆਪਣੇ ਘਰੋਂ ਹੀ ਕੱਪੜੇ ਦਾ ਥੈਲਾ ਲਿਆਂਦਾ ਜਾਵੇ। ਇਸ ਕੱਪੜੇ ਦੇ ਥੈਲੇ ਨੂੰ ਬਾਅਦ ਵਿੱਚ ਕੋਸੇ ਪਾਣੀ ਅਤੇ ਸਾਬਣ/ਡਿਟਰਜੈਂਟ ਨਾਲ ਧੋਤਾ ਜਾਵੇ। ਖਾਣੇ ਦੀਆਂ ਸਾਰੀਆਂ ਵਸਤੂਆਂ ਨੂੰ ਸਾਫ ਤਾਜ਼ੇ ਪਾਣੀ ਨਾਲ ਧੋਤਾ ਜਾਵੇ। ਕੱਚੇ ਖਾਧੇ ਜਾਣ ਵਾਲੇ ਫ਼ਲ ਅਤੇ ਸਬਜ਼ੀਆਂ ਨੂੰ 50 ਪੀਪੀਐੱਮ ਕਲੋਰੀਨ ਅਤੇ ਤਾਜ਼ੇ ਪਾਣੀ ਨਾਲ ਧੋਤਾ ਜਾਵੇ।

ਫੂਡ ਹੈਂਡਲਰਾਂ ਲਈ ਇਕ ਵਿਸੇਸ ਐਡਵਾਇਜਰੀ ਵਿਚ ਪੰਜਾਬ ਸਰਕਾਰ ਨੇ ਉਨਾਂ ਨੂੰ ਇਕ ਸਾਫ ਵਰਦੀ, ਦਸਤਾਨੇ, ਹਰ ਸਮੇਂ ਕੱਪੜੇ ਦੇ ਮਾਸਕ / ਚਿਹਰੇ ਦੇ ਢੱਕਣ ਅਤੇ ਸਿਰ ਢਕਣ ਲਈ ਕਿਹਾ ਹੈ। ਲਾਕਰ( ਜੇ ਕੋਈ ਹੈ) ਨਿੱਜੀ ਚੀਜਾਂ ਰੱਖਣ ਲਈ ਸਾਂਝਾ ਨਹੀਂ ਕੀਤਾ ਜਾਣਾ ਚਾਹੀਦਾ। ਫੂਡ ਹੈਂਡਲਰਾਂ ਨੂੰ ਆਪਣੇ ਹੱਥ ਅਕਸਰ ਸਾਬਣ ਅਤੇ ਪਾਣੀ ਨਾਲ ਧੋਣੇ ਚਾਹੀਦੇ ਹਨ। ਉਨਾਂ ਨੂੰ ਖਾਣੇ ਨੂੰ ਸੰਭਾਲਣ / ਤਿਆਰ ਕਰਨ ਵੇਲੇ ਦਸਤਾਨੇ ਪਹਿਨਣੇ ਚਾਹੀਦੇ ਹਨ ਅਤੇ ਖਾਣਾ ਬਣਾਉਣ ਵਾਲੀ ਥਾਂ ਵਿਖੇ ਗਹਿਣਿਆਂ, ਘੜੀਆਂ ਆਦਿ ਪਾਉਣ ਤੋਂ ਪਰਹੇਜ ਕਰਨਾ ਚਾਹੀਦਾ ਹੈ।

ਉਨਾਂ ਕਿਹਾ ਕਿ ਜੇ ਫੂਡ ਹੈਂਡਲਰਾਂ / ਡਿਲਿਵਰੀ ਸਟਾਫ ਵਿਚੋਂ ਕੋਈ ਕਰਮਚਾਰੀ ਕੋਵਿਡ-19 ਦਾ ਇਲਾਜ ਕਰਵਾ ਰਿਹਾ ਹੈ ਜਾਂ ਕੋਵਿਡ-19 ਦੀ ਪੁਸ਼ਟੀ ਹੋਈ ਹੈ ਅਤੇ ਜੇਕਰ ਕੋਈ ਹੋਰ ਵਿਅਕਤੀ ਉਸਦੇ ਸੰਪਰਕ ਵਿੱਚ ਆਇਆ ਹੈ ਤਾਂ ਘਬਰਾਉਣ ਦੀ ਕੋਈ ਜ਼ਰੂਰਤ ਨਹੀਂ ਹੈ। ਇਸ ਦੇ ਸੰਬੰਧ ਵਿੱਚ ਹੈਲਪਲਾਈਨ ਨੰਬਰ 104 ਜਾਂ ਸਟੇਟ ਕੰਟਰੋਲ ਰੂਮ ਨੰਬਰ 0172-2920074 / 08872090029 'ਤੇ ਕਾਲ ਕਰਕੇ ਸੰਪਰਕ ਵਿੱਚ ਆਉਣ ਦੀ ਪੂਰੀ ਜਾਣਕਾਰੀ ਦਿੱਤੀ ਜਾਵੇ ਅਤੇ ਅਗਲੇਰੀ ਸਹਾਇਤਾ ਪ੍ਰਾਪਤ ਕੀਤੀ ਜਾਵੇ।

==============

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਮੋਟਰ ਵਾਹਨ ਮਾਲਕ ਆਪਣੇ ਵਹੀਕਲ ਨੂੰ ਵਾਹਨ ਪਲੇਟਫਾਰਮ 'ਤੇ ਦਰਸਾਉਣ ਲਈ ਆਨਲਾਈਨ ਕਰਨ

ਅੰਮ੍ਰਿਤਸਰ, 9 ਮਈ ( )-ਪੰਜਾਬ ਸਰਕਾਰ ਨੇ ਮੋਟਰ ਵਾਹਨ ਮਾਲਕਾਂ ਨੂੰ ਆਪਣੇ ਵਹੀਕਲਾਂ ਨੂੰ ਵਾਹਨ ਪਲੇਟਫਾਰਮ 'ਤੇ ਦਰਸਾਉਣ ਦੀ ਸਹੂਲਤ ਦੇਣ ਲਈ ਇਸ ਸਬੰਧੀ ਘਰ ਬੈਠੇ ਹੀ ਆਨ ਲਾਈਨ ਅਪਲਾਈ ਕਰਨ ਦੀ ਸਹੂਲਤ ਦਿੱਤੀ ਹੈ। ਇਹ ਸਹੂਲਤ ਸਿਰਫ ਉਨਾਂ ਵਾਹਨਾਂ ਲਈ ਹੈ ਜੋ ਮੋਟਰ ਵਹੀਕਲ ਐਕਟ 1988 ਅਧੀਨ ਰਜਿਸਟਰਡ ਹਨ ਅਤੇ ਜਿਨਾਂ ਨੂੰ ਸੀ.ਐੱਮ.ਵੀ. ਰੂਲਜ਼ 1989 ਅਧੀਨ ਰਜਿਸਟ੍ਰੇਸ਼ਨ ਮਾਰਕ ਸੌਂਪੇ ਗਏ ਹਨ। ਇਹ ਜਾਣਕਾਰੀ ਸੈਕਟਰੀ ਆਰ. ਟੀ. ਏ. ਸ. ਦਰਬਾਰਾ ਸਿੰਘ ਨੇ ਅੱਜ ਇੱਥੇ ਇੱਕ ਪ੍ਰੈਸ ਬਿਆਨ ਵਿੱਚ ਦਿੱਤੀ ।

ਉਨਾਂ ਵਾਹਨ ਪਲੇਟਫਾਰਮ 'ਤੇ ਵਾਹਨਾਂ ਦੀ ਰਜਿਸਟ੍ਰੇਸ਼ਨ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਦੱੱਸਿਆ ਕਿ ਵਹੀਕਲਾਂ ਨੂੰ ਵਾਹਨ ਪਲੇਟਫਾਰਮ 'ਤੇ ਦਰਸਾਇਆ ਜਾਣਾ ਲਾਜ਼ਮੀ ਹੈ ਕਿਉਂਕਿ ਭਾਰਤ ਸਰਕਾਰ ਦੇ ਵਾਹਨ ਪਲੇਟਫਾਰਮ ਰਾਹੀਂ ਮੋਟਰ ਵਾਹਨਾਂ ਦੇ ਕੌਮੀ ਰਜਿਸਟਰ ਦਾ ਪ੍ਰਬੰਧਨ ਕੀਤਾ ਜਾਂਦਾ ਹੈ। ਉਨਾਂ ਇਹ ਵੀ ਦੱਸਿਆ ਕਿ ਵਾਹਨਾਂ ਦੀ ਚੈਕਿੰਗ ਦੌਰਾਨ ਹੁਣ ਵਾਹਨ ਦੇ ਵੇਰਵੇ ਇਨਫੋਰਸਮੈਂਟ ਏਜੰਸੀਆਂ ਵੱਲੋਂ ਵਾਹਨ ਪੋਰਟਲ ਅਤੇ ਭਾਰਤ ਸਰਕਾਰ ਦੀ ਐਮ ਪਰੀਵਾਹਨ ਐਪ ਰਾਹੀਂ ਚੈੱਕ ਕੀਤੇ ਜਾਂਦੇ ਹਨ। ਇਸ ਲਈ ਇਹ ਬਹੁਤ ਮਹੱਤਵਪੂਰਨ ਹੈ ਕਿ ਵਹੀਕਲ ਵਾਹਨ ਪੋਰਟਲ 'ਤੇ ਦਰਸਾਇਆ ਜਾਵੇ ਅਤੇ ਹੁਣ ਪ੍ਰਦੂਸ਼ਣ ਕਲੀਅਰੈਂਸ ਅਤੇ ਬੀਮੇ ਦੇ ਵੇਰਵੇ ਵੀ ਵਾਹਨ ਪਲੇਟਫਾਰਮ 'ਤੇ ਹੀ ਦਰਸਾਏ ਜਾਂਦੇ ਹਨ। ਉਨਾਂ ਕਿਹਾ ਕਿ ਵਾਹਨ ਪਲੇਟਫਾਰਮ 'ਤੇ ਨਾ ਦਰਸਾਏ ਜਾਣ ਵਾਲੇ ਵਹੀਕਲ ਬੀਮੇ, ਪ੍ਰਦੂਸ਼ਣ ਸਬੰਧੀ ਮਨਜ਼ੂਰੀ ਅਤੇ ਅਤੇ ਚਲਾਨ ਨਾਲ ਜੁੜੇ ਮੁੱਦਿਆਂ ਦਾ ਕਾਰਨ ਬਣ ਸਕਦੇ ਹਨ।

ਉਨਾਂ ਕਿਹਾ ਕਿ ਹੁਣ ਕਿਸੇ ਵਿਅਕਤੀ ਨੂੰ ਇਸ ਸੇਵਾ, ਜਿਸ ਨੂੰ ਆਮ ਤੌਰ 'ਤੇ ਬੈਕਲਾਗ ਆਫ਼ ਵਹੀਕਲ ਵਜੋਂ ਜਾਇਆ ਜਾਂਦਾ ਹੈ, ਲਈ ਆਰ.ਟੀ.ਏ ਜਾਂ ਐਸ.ਡੀ.ਐਮ ਦਫ਼ਤਰ ਜਾਣ ਦੀ ਜ਼ਰੂਰਤ ਨਹੀਂ ਹੈ, ਕਿਉਂ ਬੈਕਲੌਗ ਐਂਟਰੀ ਜਨਰੇਟ ਕਰਨ ਲਈ ਸਿਸਟਮ ਤੱਕ ਸਟਾਫ਼ ਦੀ ਅਕਸੈਸ ਬੰਦ ਕਰ ਦਿੱਤੀ ਗਈ ਹੈ ਅਤੇ ਇਹ ਸਹੂਲਤ ਹੁਣ ਜਨਤਾ ਦੇ ਹੱਥ ਵਿੱਚ ਹੈ। ਇਹ ਕਦਮ ਵਿਸ਼ੇਸ਼ ਤੌਰ 'ਤੇ ਕੋਵਿਡ-19 ਮਹਾਂਮਾਰੀ ਦੌਰਾਨ ਲੋਕਾਂ ਦੀ ਆਵਾਜਾਈ ਨੂੰ ਘਟਾਉਣ ਵਿਚ ਸਹਾਇਤਾ ਕਰੇਗਾ ਅਤੇ ਵਾਹਨ ਪਲੇਟਫਾਰਮ 'ਤੇ ਵਹੀਕਲ ਦੀ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਨੂੰ ਵਧੇਰੇ ਕੁਸ਼ਲ ਅਤੇ ਪਾਰਦਰਸ਼ੀ ਬਣਾਏਗਾ। ਉਨਾਂ ਕਿਹਾ ਕਿ ਦੂਜੇ ਪਾਸੇ ਇਹ ਮੋਟਰ ਵਾਹਨ ਮਾਲਕ ਨੂੰ ਕਿਸੇ ਵੀ ਸ਼ੋਸ਼ਣ ਅਤੇ ਭ੍ਰਿਸ਼ਟਾਚਾਰ ਤੋਂ ਵੀ ਬਚਾਏਗਾ। ਉਨਾਂ ਵਾਹਨ ਮਾਲਕਾਂ ਨੂੰ ਸਲਾਹ ਦਿੱਤੀ ਕਿ ਉਹ www.punjabtransport.org. 'ਤੇ ਆਨਲਾਈਨ ਅਪਲਾਈ ਕਰਕੇ 15 ਜੂਨ, 2020 ਤੱਕ ਆਪਣੇ ਵਹੀਕਲ ਵਾਹਨ ਪਲੇਟਫਾਰਮ 'ਤੇ ਰਜਿਸਟਰ ਕਰਨ।

==========

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਮਾਰਕਫੈਡ ਦੇ ਕਾਰੋਬਾਰ ਵਿਚ ਲਾਕਡਾਊਨ ਦੌਰਾਨ ਰਿਕਾਰਡ ਵਾਧਾ-ਗੁਰਪ੍ਰੀਤ ਸਿੰਘ

ਘਰੇਲੂ ਲੋੜਾਂ ਦੀ ਪੂਰਤੀ ਲਈ ਕੀਤੀ ਪਹਿਲ ਕਦਮੀ ਲਈ ਮੁੱਖ ਮੰਤਰੀ ਨੇ ਵੀ ਦਿੱਤੀ ਵਧਾਈ

ਅੰਮ੍ਰਿਤਸਰ, 9 ਮਈ ( )-ਕਰਫਿਊ ਦੇ ਦਿਨਾਂ ਵਿਚ ਪੰਜਾਬ ਤੇ ਚੰਡੀਗੜ ਵਿਚ ਮਾਰਕਫੈਡ ਨੇ ਲੋਕਾਂ ਨੂੰ ਫੋਨ ਉਤੇ ਘਰਾਂ ਵਿਚ ਹੀ ਜ਼ਰੂਰੀ ਵਸਤਾਂ ਪਹੁੰਚਾ ਕੇ ਜਿੱਥੇ ਆਪਣਾ ਕਾਰੋਬਾਰ ਕਈ ਗੁਣਾ ਵਧਾਇਆ ਉਥੇ ਲੋਕਾਂ ਨੂੰ ਕੋਰੋਨਾ ਵਾਇਰਸ ਦੀ ਲਾਗ ਤੋਂ ਬਚਾਉਣ ਵਿਚ ਯੋਗਦਾਨ ਪਾਇਆ। ਉਕਤ ਜਾਣਕਾਰੀ ਦਿੰਦੇ ਮਾਰਕਫੈਡ ਦੇ ਜ਼ਿਲਾ ਮੈਨੇਜਰ ਸ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਨੇ ਅਦਾਰੇ ਦੀ ਇਸ ਪਹਿਲ ਲਈ ਵਿਸ਼ੇਸ਼ ਵਧਾਈ ਦਿੱਤੀ ਹੈ, ਜਿਸ ਨਾਲ ਸਾਡੇ ਸਟਾਫ ਨੂੰ ਹੋਰ ਮਿਹਨਤ ਕਰਨ ਦਾ ਬਲ ਮਿਲੇਗਾ। ਉਨਾਂ ਦੱਸਿਆ ਕਿ ਅੰਮ੍ਰਿਤਸਰ ਦੇ ਲੋਕਾਂ ਨੂੰ ਸੁਰੱਖਿਅਤ ਵਸਤਾਂ ਮੁਹੱਈਆ ਕਰਵਾਉਣ ਦੇ ਇਰਾਦੇ ਨਾਲ ਪੰਜਾਬ ਦੇ ਸਹਿਕਾਰੀ ਅਦਾਰੇ ਮਾਰਕਫੈਡ ਅਜੇ ਵੀ ਘਰ-ਘਰ ਵਸਤਾਂ ਦੀ ਸਪਲਾਈ ਕਰ ਰਿਹਾ ਹੈ।

ਉਨਾਂ ਦੱਸਿਆ ਕਿ ਅਸੀਂ ਸਿੱਧੇ ਤੌਰ ਉਤੇ ਉਤਪਾਦਕ ਕੋਲੋਂ ਖੰਡ, ਘਿਉ, ਦਾਲਾਂ, ਹਲਦੀ, ਅਚਾਰ, ਮੁਰੱਬੇ, ਸੌਸ ਸਸਤੇ ਅਤੇ ਸ਼ੁਧ ਵੇਚ ਰਹੇ ਹਾਂ, ਜਿਸ ਨਾਲ ਇਸ ਲਾਕਡਾਊਨ ਦੌਰਾਨ ਹੀ ਅਸੀਂ 66 ਲੱਖ ਤੋਂ ਵੱਧ ਦਾ ਕਾਰੋਬਾਰ ਅੰਮ੍ਰਿਤਸਰ ਵਿਚ ਕੀਤਾ ਹੈ। ਉਨਾਂ ਦੱਸਿਆ ਕਿ ਸਾਡੇ ਇਕ ਸਟੋਰ ਤੋਂ ਰਣਜੀਤ ਐਵੀਨਿਊ , ਗਰੀਨ ਐਵੀਨਿਊ, ਮੈਡੀਕਲ ਇਨਕਲੇਵ, ਫਤਿਹਗੜ ਚੂੜੀਆਂ ਰੋਡ ਅਤੇ ਅਜਨਾਲਾ ਰੋਡ ਉਤੇ ਵਸੀਆਂ ਕਾਲੋਨੀਆਂ ਵਿਚ ਵਸਤਾਂ ਸਪਲਾਈ ਕਰ ਰਹੀ ਹੈ ਅਤੇ ਦੂਸਰੇ ਸਟੋਰ ਤੋਂ ਪ੍ਰਤਾਪ ਨਗਰ, ਸੰਤ ਨਗਰ, ਸੁਲਤਾਨਵਿੰਡ ਰੋਡ, ਨਿਊ ਅੰਮ੍ਰਿਤਸਰ, ਰਜਿੰਦਰ ਨਗਰ ਤੇ ਜੀ ਟੀ ਰੋਡ ਜਲੰਧਰ ਵਾਲੇ ਪਾਸੇ ਵੱਸੀਆਂ ਕਾਲੋਨੀਆਂ ਵਿਚ ਵਸਤਾਂ ਦੀ ਸਪਲਾਈ ਸ਼ੁਰੂ ਕੀਤੀ ਹੈ। ਉਨਾਂ ਕਿਹਾ ਕਿ ਇਸ ਲਈ ਉਕਤ ਇਲਾਕਿਆਂ ਦੇ ਵਾਸੀ ਸਾਡੇ ਫੋਨ ਨੰਬਰ 81465-25040 ਅਤੇ 83609-46880 ਉਤੇ ਫੋਨ ਕਰਕੇ ਆਰਡਰ ਨੋਟ ਕਰਵਾਇਆ ਜਾ ਸਕਦਾ ਹੈ।

ਸ. ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਸਮੇਂ ਦੌਰਾਨ ਅਸੀਂ 150 ਮੀਟਰਕ ਟਨ ਪਸ਼ੂਆਂ ਦੀ ਫੀਡ ਪਸ਼ੂ ਪਾਲਕਾਂ ਨੂੰ ਭੇਜੀ ਅਤੇ ਹੁਣ ਸਾਉਣੀ ਦੀ ਫਸਲ ਲਈ ਖਾਦ ਤੇ ਦਵਾਈਆਂ ਸੁਸਾਇਟੀਆਂ ਨੂੰ ਭੇਜ ਰਹੇ ਹਾਂ। ਉਨਾਂ ਕਿਹਾ ਕਿ ਸਾਡੀ ਸਪਲਾਈ ਵਿਚ ਸਿਹਤ ਵਿਭਾਗ ਦੀਆਂ ਜ਼ਰੂਰੀ ਹਦਾਇਤਾਂ ਦਾ ਪੂਰਾ ਖਿਆਲ ਰੱਖਿਆ ਜਾਂਦਾ ਹੈ, ਜਿਸ ਨਾਲ ਵਾਇਰਸ ਦੇ ਫੈਲਣ ਦਾ ਡਰ ਨਹੀਂ ਰਹਿੰਦਾ।

ਕੈਪਸ਼ਨ

ਮਾਰਕਫੈਡ ਦੇ ਜਿਲਾ ਮੈਨੇਜਰ ਸ. ਗੁਰਪ੍ਰੀਤ ਸਿੰਘ।

======